# ਆਕਾਸ਼ਵਾਣੀ ਜਲੰਧਰ

# ਰਾਸ਼ਟਰੀ ਖਬਰਾਂ ਪੰਜਾਬੀ

## 08:30

**ਮਿਤੀ : 02-09-2026**

***ਪਹਿਲਾ ਬੁਲੇਟਿਨ ਦੀਆਂ ਖਾਸ ਖਬਰਾਂ***

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਇੱਕ ਵਾਰ ਫਿਰ ਲੋਕਾਂ ਨੂੰ ਸਵਦੇਸ਼ੀ ਉਤਪਾਦਾਂ ਨੂੰ ਅਪਣਾਉਣ, ਸੋਨੇ ਦੀ ਗੈਰ – ਜ਼ਰੂਰੀ ਖਰੀਦਦਾਰੀ ਅਤੇ ਵਿਦੇਸ਼ਾਂ ਵਿੱਚ ਵਿਆਹ ਪ੍ਰੋਗ੍ਰਾਮ ਕਰਨ ਤੋਂ ਬਚਣ ਦੀ ਅਪੀਲ ਕੀਤੀ ਏ।

- ਪ੍ਰਧਾਨ ਮੰਤਰੀ ਅੱਜ ਨਵੀਂ ਦਿੱਲੀ ਵਿੱਚ ਜਲ ਸ਼ਕਤੀ ਮੰਤਰਾਲੇ ਦੇ ਵਿਭਾਗੀ ਸਿਖਰ ਸੰਮੇਲਨ ਦੇ ਸਮਾਪਤੀ ਸੈਸ਼ਨ ਨੂੰ ਸੰਬੋਧਨ ਕਰਨਗੇ।

- ਸਰਕਾਰ ਨੇ ਖੰਡ ਦੀ ਭੰਡਾਰ ਸੀਮਾ 4 ਹਜ਼ਾਰ ਕੁਇੰਟਲ ਤੋਂ ਘਟਾ ਕੇ 2 ਹਜ਼ਾਰ ਕੁਇੰਟਲ ਕੀਤੀ।

- ਅਮਰੀਕਾ ਨੇ ਈਰਾਨ ਵਿੱਚ ਇਸਲਾਮਿਕ ਰੈਵੋਲਿਊਸ਼ਨਰੀ ਗਾਰਡ ਕੋਰ ਨੂੰ ਨਿਸ਼ਾਨਾ ਬਣਾ ਕੇ ਨਵੇਂ ਹਮਲੇ ਕੀਤੇ ਨੇ।

- ਭਾਰਤੀ ਫੋਰੈਂਸਿਕ ਟੀਮ ਨੇ ਨੇਪਾਲ ਹੜ੍ਹਾਂ ਦੇ ਪੀੜਤਾਂ ਦੀ ਪਛਾਣ ਕਰਨ ਵਿੱਚ ਮਦਦ ਲਈ, DNA ਨਮੂਨਿਆਂ ਦੀ ਘੋਖ ਕਰਨੀ ਸ਼ੁਰੂ ਕਰ ਦਿੱਤੀ ਏ।

- ਭਾਰਤੀ ਬੈਡਮਿੰਟਨ ਖਿਡਾਰੀ ਲਕਸ਼ਯ ਸੇਨ, ਕਿਦਾਂਬੀ ਸ੍ਰੀਕਾਂਤ ਅਤੇ ਤਨਵੀ ਸ਼ਰਮਾ ਅੱਜ ਚੀਨ ਵਿੱਚ, ਚਾਈਨਾ ਮਾਸਟਰਜ਼ ਸੁਪਰ 750 ਬੈਡਮਿੰਟਨ ਚੈਂਪੀਅਨਸ਼ਿਪ ਵਿੱਚ, ਆਪਣੀ ਮੁਹਿੰਮ ਦੀ ਸ਼ੁਰੂਆਤ ਕਰਨਗੇ।

## *ਹੁਣ ਖਬਰਾਂ ਵਿਸਥਾਰ ਨਾਲ*

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਇੱਕ ਵਾਰ ਫਿਰ ਲੋਕਾਂ ਨੂੰ ਸਵਦੇਸ਼ੀ ਉਤਪਾਦਾਂ ਨੂੰ ਅਪਣਾਉਣ, ਸੋਨੇ ਦੀ ਗੈਰ-ਜ਼ਰੂਰੀ ਖਰੀਦਦਾਰੀ ਅਤੇ ਵਿਦੇਸ਼ਾਂ ਵਿੱਚ ਵਿਆਹਾਂ ਦੇ ਪ੍ਰੋਗਰਾਮ ਕਰਨ ਤੋਂ ਬਚਣ ਦੀ ਅਪੀਲ ਕੀਤੀ ਏ। ਇੱਕ ਵੀਡੀਓ ਸੰਦੇਸ਼ ਵਿੱਚ, ਪ੍ਰਧਾਨ ਮੰਤਰੀ ਨੇ ਲੋਕਾਂ ਨੂੰ ਵਿਦੇਸ਼ਾਂ ਵਿੱਚ ਛੁੱਟੀਆਂ ਮਨਾਉਣ, ਵਿਆਹਾਂ ਲਈ ਦੂਜੇ ਦੇਸ਼ਾਂ ਦੀ ਯਾਤਰਾ ਕਰਨ

ਅਤੇ ਸੋਨਾ ਖਰੀਦਣ ਤੋਂ ਗੁਰੇਜ਼ ਕਰਨ ਦੀ ਅਪੀਲ ਕੀਤੀ ਜਦੋਂ ਤੱਕ ਕਿ ਬਹੁਤ ਜ਼ਰੂਰੀ ਨਾ ਹੋਵੇ। ਸ੍ਰੀ ਮੋਦੀ ਨੇ ਕਿਹਾ ਕਿ ਅੱਜ ਦੇਸ਼ ਦੇ ਨੌਜਵਾਨਾਂ ਵਲੋਂ ਕੀਤੀ ਜਾ ਰਹੀ ਸਖ਼ਤ ਮਿਹਨਤ ਉਨ੍ਹਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਵਿੱਚ ਮਦਦ ਕਰੇਗੀ -

**BYTE: PM SVADESHI**

ਸ੍ਰੀ ਮੋਦੀ ਨੇ ਕਿਹਾ ਕਿ ਵਿਸ਼ਵਵਿਆਪੀ ਅਨਿਸ਼ਚਿਤਤਾ, ਜੰਗਾਂ, ਸੰਕਟਾਂ ਅਤੇ ਸਪਲਾਈ ਲੜੀਆਂ ਵਿੱਚ ਵਿਘਨਾਂ ਦੇ ਬਾਵਜੂਦ, ਭਾਰਤ ਤੇਜ਼ ਰਫ਼ਤਾਰ ਨਾਲ ਤਰੱਕੀ ਕਰ ਰਿਹਾ ਏ -

**BYTE: PM ON GDP**

ਪ੍ਰਧਾਨ ਮੰਤਰੀ ਨੇ ਆਪਣੇ ਸੰਦੇਸ਼ ਵਿਚ ਆਤਮ-ਨਿਰਭਰਤਾ ਨੂੰ ਉਤਸ਼ਾਹਿਤ ਕਰਨ ਅਤੇ ਸਵਦੇਸ਼ੀ ਉਤਪਾਦਾਂ ਦੀ ਵਰਤੋਂ 'ਤੇ ਵਧੇਰੇ ਜ਼ੋਰ ਦੇਣ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ-

**BYTE: PM ON ATMANIRBHAR BHARAT**

---

ਪ੍ਰਧਾਨ ਮੰਤਰੀ ਅੱਜ ਨਵੀਂ ਦਿੱਲੀ ਵਿੱਚ ਜਲ ਸ਼ਕਤੀ ਮੰਤਰਾਲੇ ਦੇ ਵਿਭਾਗੀ ਸਿਖਰ ਸੰਮੇਲਨ ਦੇ ਸਮਾਪਤੀ ਸੈਸ਼ਨ ਨੂੰ ਸੰਬੋਧਨ ਕਰਨਗੇ। ਇਹ ਸੰਮੇਲਨ ਕੇਂਦਰ ਅਤੇ ਰਾਜਾਂ ਨੂੰ ਮੁੱਖ ਖੇਤਰੀ ਤਰਜੀਹਾਂ 'ਤੇ

ਵਿਚਾਰ-ਵਟਾਂਦਰਾ ਕਰਨ ਅਤੇ ਸਮਾਂਬੱਧ ਕਾਰਜ ਯੋਜਨਾਵਾਂ ਵਿਕਸਿਤ ਕਰਨ ਲਈ ਇੱਕ ਥਾਂ ਲਿਆਏਗਾ।

ਇਹ ਸੰਮੇਲਨ ਚਾਰ ਮੁੱਖ ਖੇਤਰਾਂ 'ਤੇ ਕੇਂਦਰਿਤ ਏ, ਜਿਹਨਾਂ ‘ਚ ਪਾਣੀ ਦੇ ਬੁਨਿਆਦੀ ਢਾਂਚੇ ਦੇ ਪ੍ਰੋਜੈਕਟਾਂ ਨੂੰ ਸਮੇਂ ਸਿਰ ਲਾਗੂ ਕਰਨਾ; ਪਾਣੀ ਇੱਕਤਰ ਕਰਨ ‘ਚ ਲੋਕ ਹਿੱਸੇਦਾਰੀ-ਕੈਚ ਦ ਰੇਨ; ਪੀਣ ਵਾਲੇ ਪਾਣੀ ਪ੍ਰਣਾਲੀਆਂ ਦੇ ਵਸੀਲਿਆਂ ਦੀ ਸਥਿਰਤਾ; ਅਤੇ ਜਲ ਜੀਵਨ ਮਿਸ਼ਨ 2.0 ਸ਼ਾਮਿਲ ਨੇ. ਇਸ ਪਹਿਲਕਦਮੀ ਦਾ ਉਦੇਸ਼ ਰਾਸ਼ਟਰੀ ਟੀਚਿਆਂ ਲਈ ਸਾਂਝੀ ਜ਼ਿੰਮੇਵਾਰੀ ਨੂੰ ਉਤਸ਼ਾਹਿਤ ਕਰਨਾ ਅਤੇ ਇਹ ਯਕੀਨੀ ਬਣਾਉਣਾ ਏ ਕਿ ਵਿਚਾਰ-ਵਟਾਂਦਰੇ ਸ਼ਾਸਨ ਅਤੇ ਸੇਵਾ ਪ੍ਰਦਾਨ ਕਰਨ ਵਿੱਚ ਮਾਪਣਯੋਗ ਸੁਧਾਰਾਂ ਵੱਲ ਲੈ ਜਾਣ।

------------------------------------------------------

ਸਰਕਾਰ ਨੇ ਖੰਡ ਵਪਾਰੀਆਂ ਲਈ ਭੰਡਾਰ ਸੀਮਾ 4  ਹਜ਼ਾਰ ਕੁਇੰਟਲ ਤੋਂ ਘਟਾ ਕੇ 2 ਹਜ਼ਾਰ ਕੁਇੰਟਲ ਕਰ ਦਿੱਤੀ ਏ । ਇਹ ਨੇਮ ਇਸ ਮਹੀਨੇ ਦੀ 15 ਤਰੀਕ ਤੋਂ ਇਸ ਸਾਲ 30 ਨਵੰਬਰ ਤੱਕ ਲਾਗੂ ਰਹੇਗਾ। ਨਵੀਂ ਭੰਡਾਰ ਸੀਮਾ ਦਾ ਉਦੇਸ਼ ਜਮ੍ਹਾਂਖੋਰੀ ਨੂੰ ਰੋਕਣਾ, ਲੋੜੀਂਦੀ ਉਪਲਬਧਤਾ ਨੂੰ ਯਕੀਨੀ ਬਣਾ ਕੇ ਖਪਤਕਾਰਾਂ ਦੇ ਹਿੱਤਾਂ ਦੀ ਰੱਖਿਆ ਕਰਨਾ ਅਤੇ ਕੀਮਤ ਸਥਿਰਤਾ ਬਣਾਈ ਰੱਖਣਾ ਹਏ।

ਸੋਧੇ ਹੋਏ ਪ੍ਰਬੰਧਾਂ ਤਹਿਤ, ਕੋਈ ਵੀ ਖੰਡ ਵਪਾਰੀ ਪ੍ਰਾਪਤੀ ਦੀ ਤਰੀਕ ਤੋਂ 30 ਦਿਨਾਂ ਤੋਂ ਵੱਧ ਸਮੇਂ ਲਈ ਕੋਈ ਭੰਡਾਰ ਨਹੀਂ ਰੱਖ ਸਕਦਾ। ਇੱਕ ਖੰਡ ਵਪਾਰੀ ਦੇਸ਼ ਭਰ ਵਿੱਚ ਕਿਸੇ ਵੀ ਸਮੇਂ ਅਤੇ ਕਿਸੇ ਵੀ ਸਥਾਨ 'ਤੇ 2 ਹਜ਼ਾਰ ਕੁਇੰਟਲ ਤੋਂ ਵੱਧ ਖੰਡ ਦਾ ਭੰਡਾਰ ਨਹੀਂ ਰੱਖ ਸਕਦਾ । ਹਾਲਾਂਕਿ, ਕੋਲਕਾਤਾ ਅਤੇ ਇਸਦੇ ਆਲੇ ਦੁਆਲੇ ਦੇ ਮਹਾਨਗਰ ਖੇਤਰਾਂ ਦੀਆਂ ਖਾਸ ਬਾਜ਼ਾਰ ਜ਼ਰੂਰਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ, ਭੰਡਾਰ ਸੀਮਾ ਚਾਰ ਹਜ਼ਾਰ ਕੁਇੰਟਲ ਹੀ ਰਹੇਗੀ।

ਸਰਕਾਰ ਨੇ ਖਪਤਕਾਰਾਂ ਨੂੰ ਭਰੋਸਾ ਦਿੱਤਾ ਏ ਕਿ ਉਹ ਘਰੇਲੂ ਬਾਜ਼ਾਰ ਵਿੱਚ ਖੰਡ ਦੀ ਢੁੱਕਵੀਂ ਉਪਲਬਧਤਾ, ਵਿਵਸਥਿਤ ਸਪਲਾਈ ਅਤੇ ਕੀਮਤ ਸਥਿਰਤਾ ਬਣਾਈ ਰੱਖਣ ਲਈ ਸਾਰੇ ਜ਼ਰੂਰੀ ਕਦਮ ਚੁੱਕ ਰਹੀ ਏ।

---------------------------------------------------------

ਸਰਕਾਰ ਨੇ ਪਿਆਜ਼ 'ਤੇ ਮੌਸਮੀ ਕੀਮਤਾਂ ਦੇ ਦਬਾਅ ਨੂੰ ਘਟਾਉਣ ਲਈ ਕਾਂਦਾ ਐਕਸਪ੍ਰੈਸ ਅਤੇ ਸੜ੍ਹਕੀ ਆਵਾਜਾਈ ਰਾਹੀਂ ਬਫਰ ਸਟਾਕ ਦੀ ਯੋਜਨਾਬੱਧ ਅਤੇ ਲੋੜ ਮੁਤਾਬਿਕ ਸਪਲਾਈ ਸ਼ੁਰੂ ਕੀਤੀ ਏ । ਖਪਤਕਾਰ ਮਾਮਲਿਆਂ, ਖੁਰਾਕ ਅਤੇ ਜਨਤਕ ਵੰਡ ਮੰਤਰਾਲੇ ਨੇ ਕਿਹਾ ਏ ਕਿ ਵਿਆਪਕ ਉਪਲਬਧਤਾ ਨੂੰ ਯਕੀਨੀ ਬਣਾਉਣ ਲਈ 30 ਤੋਂ ਵੱਧ ਟਰੱਕਾਂ ਦੀ ਤਾਇਨਾਤੀ ਨਾਲ 19 ਸ਼ਹਿਰਾਂ ਵਿੱਚ ਪ੍ਰਚੂਨ ਯਤਨ ਕੀਤੇ ਗਏ ਨੇ.

ਮੰਤਰਾਲੇ ਨੇ ਦੱਸਿਆ ਏ ਕਿ ਨਾਸਿਕ ਤੋਂ 450 ਮੀਟ੍ਰਿਕ ਟਨ ਪਿਆਜ਼ ਕਾਂਦਾ ਐਕਸਪ੍ਰੈਸ ਰਾਹੀਂ ਦਿੱਲੀ ਪਹੁੰਚਿਆ ਅਤੇ ਬਾਅਦ ਵਿੱਚ ਚੰਡੀਗੜ੍ਹ, ਅੰਮ੍ਰਿਤਸਰ, ਵਾਰਾਣਸੀ, ਲਖਨਊ, ਅਤੇ ਦਿੱਲੀ-ਐਨਸੀਆਰ ਖੇਤਰ ਵਿੱਚ ਪਹੁੰਚਾਇਆ ਗਿਆ।

---------------------------------------------------------

ਉਪ-ਰਾਸ਼ਟਰਪਤੀ ਸੀ.ਪੀ. ਰਾਧਾਕ੍ਰਿਸ਼ਨਨ ਅੱਜ ਛੱਤੀਸਗੜ੍ਹ ਦੇ ਰਾਏਪੁਰ ਵਿੱਚ, ਆਲ ਇੰਡੀਆ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਿਜ਼ (AIIMS) ਦੇ ਤੀਜੇ ਕਨਵੋਕੇਸ਼ਨ ਸਮਾਰੋਹ ਵਿੱਚ ਸ਼ਾਮਲ ਹੋਣਗੇ। ਇਸ ਕਨਵੋਕੇਸ਼ਨ ਸਮਾਰੋਹ ਵਿੱਚ, ਅੰਡਰ-ਗ੍ਰੈਜੂਏਟ, ਪੋਸਟ-ਗ੍ਰੈਜੂਏਟ, ਸੁਪਰ-ਸਪੈਸ਼ਲਿਟੀ, ਡਾਕਟੋਰੇਟ ਅਤੇ ਸਿਹਤ ਵਿਗਿਆਨ ਦੇ ਪ੍ਰੋਗਰਾਮ ਸਫਲਤਾ ਨਾਲ ਪੂਰੇ ਕਰਨ ਵਾਲੇ ਵਿਦਿਆਰਥੀਆਂ ਨੂੰ ਡਿਗਰੀਆਂ ਪ੍ਰਦਾਨ ਕੀਤੀਆਂ ਜਾਣਗੀਆਂ।

---------------------------------------------------------

ਆਕਾਸ਼ਵਾਣੀ ਦੇ ਡਾਇਰੈਕਟਰ ਜਨਰਲ, ਰਾਜੀਵ ਕੁਮਾਰ ਜੈਨ ਨੇ ਕੱਲ੍ਹ ਪੰਜਾਬ ਦੇ ਜਲੰਧਰ ਅਤੇ ਅੰਮ੍ਰਿਤਸਰ ਦੇ ਸਰਹੱਦੀ ਖੇਤਰਾਂ ਵਿੱਚ ਪ੍ਰਸਾਰਣ ਵਿਵਸਥਾ ਦਾ ਨਿਰੀਖਣ ਕੀਤਾ ਅਤੇ ਇਨ੍ਹਾਂ ਸਟੇਸ਼ਨਾਂ ਦੇ ਨਾਲ-ਨਾਲ ਕੇਂਦਰ ਸ਼ਾਸਿਤ ਪ੍ਰਦੇਸ਼ ਚੰਡੀਗੜ੍ਹ ਸਟੇਸ਼ਨ ਦੇ ਕੰਮਕਾਜ ਦੀ ਵੀ

ਸਮੀਖਿਆ ਕੀਤੀ। ਉਨ੍ਹਾਂ ਨੇ ਪੰਜਾਬ ਵਿੱਚ ਆਕਾਸ਼ਵਾਣੀ ਦੇ ਚੱਲ ਰਹੇ ਵਿਕਾਸ ਪ੍ਰੋਜੈਕਟਾਂ ਦਾ ਵੀ ਜਾਇਜ਼ਾ ਲਿਆ।

ਰਾਸ਼ਟਰੀ ਪ੍ਰਸਾਰਕ ਦੇ ਨੇਮਾਂ ਮੁਤਾਬਕ ਨਿਰਵਿਘਨ ਪ੍ਰਸਾਰਣ ਅਤੇ ਜਾਣਕਾਰੀ-ਭਰਪੂਰ ਮਨੋਰੰਜਨ (infotainment) ਪ੍ਰਦਾਨ ਕਰਨ ਲਈ ਅਧਿਕਾਰੀਆਂ ਅਤੇ ਸਟਾਫ ਦੀ ਸ਼ਲਾਘਾ ਕਰਦਿਆਂ, ਉਨ੍ਹਾਂ ਨੇ ਸਟੇਸ਼ਨਾਂ ਦੇ ਸੁਚਾਰੂ ਸੰਚਾਲਨ ਲਈ ਜ਼ਰੂਰੀ ਹਦਾਇਤਾਂ ਵੀ ਦਿੱਤੀਆਂ।

ਇਸ ਤੋਂ ਪਹਿਲਾਂ, ਜਲੰਧਰ ਸਟੇਸ਼ਨ ਵਿਖੇ ਡਿਪਟੀ ਡਾਇਰੈਕਟਰ ਜਨਰਲ (ਇੰਜੀਨੀਅਰਿੰਗ) ਰਣਜੀਤ ਮੀਨਾ ਨੇ ਪ੍ਰੋਗਰਾਮ ਅਤੇ ਸਮਾਚਾਰ ਵਿਭਾਗ ਦੇ ਮੁਖੀਆਂ ਸਮੇਤ ਹੋਰ ਅਧਿਕਾਰੀਆਂ ਅਤੇ ਸਟਾਫ ਮੈਂਬਰਾਂ ਨਾਲ ਉਨ੍ਹਾਂ ਦਾ ਸਵਾਗਤ ਕੀਤਾ।

ਉਨ੍ਹਾਂ ਆਕਾਸ਼ਵਾਣੀ ਸਟੇਸ਼ਨ ਜਲੰਧਰ ਵਿਖੇ ਇੱਕ ਬੂਟਾ ਵੀ ਲਾਇਆ।

ਸ਼ਾਮ ਨੂੰ, ਸ੍ਰੀ ਜੈਨ, ਅੰਮ੍ਰਿਤਸਰ ਸਥਿਤ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਗਏ ਅਤੇ ਉਥੇ ਮੱਥਾ ਟੇਕਿਆ। ਉਨ੍ਹਾਂ ਨੇ ਸ੍ਰੀ ਹਰਿਮੰਦਰ ਸਾਹਿਬ ਤੋਂ ਦਿਨ ਵਿੱਚ ਦੋ ਵਾਰ 'ਸ਼ਬਦ ਕੀਰਤਨ' ਦੇ ਨਿਰਵਿਘਨ ਪ੍ਰਸਾਰਣ ਅਤੇ ਸ਼ਾਮ ਵੇਲੇ 'ਗੁਰਬਾਣੀ ਵਿਚਾਰ' ਪ੍ਰੋਗਰਾਮ ਦੇ ਪ੍ਰਸਾਰਣ ਲਈ ਕੀਤੇ ਗਏ ਪ੍ਰਬੰਧਾਂ ਦੀ ਵੀ ਸਮੀਖਿਆ ਕੀਤੀ।

-----------------------------------------------------

ਨੇਪਾਲ ਵਿੱਚ, 19 ਮੈਂਬਰੀ ਭਾਰਤੀ ਫੋਰੈਂਸਿਕ ਟੀਮ ਨੇ ਫੋਰੈਂਸਿਕ ਮਾਹਿਰਾਂ ਨਾਲ ਮਿਲ ਕੇ ਹਾਲੀਆ ਹੜ੍ਹਾਂ ਤੋਂ ਪ੍ਰਭਾਵਿਤ ਲੋਕਾਂ  ਦੀ ਪਛਾਣ ਕਰਨ ਵਿੱਚ ਮਦਦ ਲਈ, DNA ਨਮੂਨਿਆਂ ਦੀ ਘੋਖ ਕਰਨੀ ਸ਼ੁਰੂ ਕਰ ਦਿੱਤੀ ਏ। ਭਾਰਤੀ ਦੂਤਘਰ ਨੇ ਦੱਸਿਆ ਏ ਕਿ ਟੀਮ ਨੇ ਕਾਠਮੰਡੂ ਘਾਟੀ ਦੇ ਖੁਮਲਟਾਰ ਇਲਾਕੇ ਵਿੱਚ ਸਥਿਤ ਨੇਪਾਲ ਪੁਲਿਸ ਦੀ ਕੇਂਦਰੀ ਫੋਰੈਂਸਿਕ ਵਿਗਿਆਨ Laboratory ਅਤੇ ਰਾਸ਼ਟਰੀ ਫੋਰੈਂਸਿਕ ਵਿਗਿਆਨ Laboratory ਵਿਖੇ ਘੋਖ ਦਾ ਕੰਮ ਸ਼ੁਰੂ ਕਰ ਦਿੱਤਾ ਏ।

-------------------------------------------------------------

ਭਾਰਤ ਅਤੇ ਅਮਰੀਕਾ ਮਹੱਤਵਪੂਰਨ ਖਣਿਜਾਂ 'ਤੇ ਹੋਰ ਨੇੜਿਓਂ ਕੰਮ ਕਰਨ ਲਈ ਸਹਿਮਤ ਹੋਏ ਨੇ. ਇਹ ਸਮਝੌਤਾ ਖਜ਼ਾਨਾ ਮੰਤਰੀ ਨਿਰਮਲਾ ਸੀਤਾਰਮਨ ਅਤੇ ਅਮਰੀਕੀ ਖਜ਼ਾਨਾ ਸਕੱਤਰ ਸਕਾਟ ਬੇਸੈਂਟ ਵਿਚਕਾਰ ਹੋਈ ਮੀਟਿੰਗ ਤੋਂ ਬਾਅਦ ਹੋਇਆ। ਇਸ ਸਮਝੌਤੇ ਦਾ ਉਦੇਸ਼ ਦੋਵਾਂ ਦੇਸ਼ਾਂ ਵਿਚਕਾਰ ਲੰਮੇ ਸਮੇਂ ਤੋਂ ਚੱਲੀ ਆ ਰਹੀ ਆਰਥਿਕ ਭਾਈਵਾਲੀ ਨੂੰ ਮਜ਼ਬੂਤ ਕਰਨਾ ਏ।

-------------------------------------------------------------

ਅਮਰੀਕਾ ਨੇ ਈਰਾਨ ਵਿੱਚ ਇਸਲਾਮਿਕ ਰੈਵੋਲਿਊਸ਼ਨਰੀ ਗਾਰਡ ਕੋਰ (IRGC) ਨੂੰ ਨਿਸ਼ਾਨਾ ਬਣਾ ਕੇ ਨਵੇਂ ਹਮਲੇ ਕੀਤੇ ਨੇ. ਈਰਾਨੀ ਮੀਡੀਆ

ਮੁਤਾਬਿਕ, ਬੰਦਰ ਅੱਬਾਸ, ਹੋਰਮੁਜ਼, ਅਸਾਲੁਏਹ, ਜੀਰੋਫਟ, ਕੇਸ਼ਮ-ਦ੍ਵੀਪ, ਕੋਨਾਰਕ, ਚਾਬਹਾਰ, ਜਸਕ, ਸਿਰਿਕ ਅਤੇ ਲਾਵਾਨ ਵਿੱਚ ਧਮਾਕੇ ਸੁਣੇ ਗਏ। ਇਸ ਦੌਰਾਨ, ਅਮਰੀਕੀ ਸੈਂਟਰਲ ਕਮਾਂਡ ਨੇ ਕਿਹਾ ਏ ਕਿ ਈਰਾਨੀ ਫੌਜਾਂ ਨੂੰ ਨਿਸ਼ਾਨਾ ਬਣਾ ਕੇ ਕੀਤੇ ਗਏ ਹਮਲੇ ਪੂਰੇ ਹੋ ਗਏ।

-----------------------------------------------------------

ਭਾਰਤੀ ਕ੍ਰਿਕੇਟ ਕੰਟਰੋਲ ਬੋਰਡ (BCCI) ਨੇ ਅਫਗਾਨਿਸਤਾਨ Twenty-twenty ਲੜੀ ਲਈ, 15 ਮੈਂਬਰੀ ਟੀਮ ਦਾ ਐਲਾਨ ਕਰ ਦਿੱਤਾ ਏ। ਸ਼੍ਰੇਅਸ ਅਈਅਰ ਨੂੰ ਕਪਤਾਨ ਬਣਾਇਆ ਗਿਆ ਏ, ਜਦਕਿ ਤਿਲਕ ਵਰਮਾ ਉਪ-ਕਪਤਾਨ ਹੋਣਗੇ। 15 ਸਾਲਾ ਵੈਭਵ ਸੂਰਿਆਵੰਸ਼ੀ ਵੀ ਭਾਰਤੀ ਟੀਮ ਦਾ ਹਿੱਸਾ ਨੇ।

-----------------------------------------------------------

ਭਾਰਤੀ ਬੈਡਮਿੰਟਨ ਖਿਡਾਰੀ ਲਕਸ਼ਯ ਸੇਨ, ਕਿਦਾਂਬੀ ਸ੍ਰੀਕਾਂਤ ਅਤੇ ਤਨਵੀ ਸ਼ਰਮਾ ਅੱਜ ਚੀਨ ਵਿੱਚ, ਗੁਆਂਗ-ਡੋਂਗ ਸੂਬੇ ਦੇ ਸ਼ੇਨਜ਼ੇਨ ਵਿੱਚ, ਚਾਈਨਾ ਮਾਸਟਰਜ਼ ਸੁਪਰ 750 ਬੈਡਮਿੰਟਨ ਚੈਂਪੀਅਨਸ਼ਿਪ ਵਿੱਚ, ਆਪਣੀ ਮੁਹਿੰਮ ਦੀ ਸ਼ੁਰੂਆਤ ਕਰਨਗੇ। ਮਰਦਾਂ ਦੇ ਡਬਲਜ਼ ਮੁਕਾਬਲੇ ਵਿੱਚ ਚੋਟੀ ਦੇ ਦਰਜਾ ਪ੍ਰਾਪਤ ਖਿਡਾਰੀ, ਸਾਤਵਿਕਸਾਈਰਾਜ ਰੰਕੀਰੈਡੀ ਅਤੇ ਚਿਰਾਗ ਸ਼ੈੱਟੀ ਵੀ ਮੈਦਾਨ ਵਿੱਚ ਉਤਰਨਗੇ।

ਇਸ ਤੋਂ ਪਹਿਲਾਂ, ਭਾਰਤ ਦੀ ਉੱਨਤੀ ਹੁੱਡਾ ਕੱਲ੍ਹ ਟੂਰਨਾਮੈਂਟ 'ਚੋਂ ਬਾਹਰ ਹੋ ਗਈ ਸੀ।

---

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਇੱਕ ਵਾਰ ਫਿਰ ਲੋਕਾਂ ਨੂੰ ਸਵਦੇਸ਼ੀ ਉਤਪਾਦਾਂ ਨੂੰ ਅਪਣਾਉਣ, ਸੋਨੇ ਦੀ ਗੈਰ – ਜ਼ਰੂਰੀ ਖਰੀਦਦਾਰੀ ਅਤੇ ਵਿਦੇਸ਼ਾਂ ਵਿੱਚ ਵਿਆਹ ਪ੍ਰੋਗ੍ਰਾਮ ਕਰਨ ਤੋਂ ਬਚਣ ਦੀ ਅਪੀਲ ਕੀਤੀ ਏ।

- ਪ੍ਰਧਾਨ ਮੰਤਰੀ ਅੱਜ ਨਵੀਂ ਦਿੱਲੀ ਵਿੱਚ ਜਲ ਸ਼ਕਤੀ ਮੰਤਰਾਲੇ ਦੇ ਵਿਭਾਗੀ ਸਿਖਰ ਸੰਮੇਲਨ ਦੇ ਸਮਾਪਤੀ ਸੈਸ਼ਨ ਨੂੰ ਸੰਬੋਧਨ ਕਰਨਗੇ।

- ਸਰਕਾਰ ਨੇ ਖੰਡ ਦੀ ਭੰਡਾਰ ਸੀਮਾ 4 ਹਜ਼ਾਰ ਕੁਇੰਟਲ ਤੋਂ ਘਟਾ ਕੇ 2 ਹਜ਼ਾਰ ਕੁਇੰਟਲ ਕੀਤੀ।

- ਅਮਰੀਕਾ ਨੇ ਈਰਾਨ ਵਿੱਚ ਇਸਲਾਮਿਕ ਰੈਵੋਲਿਊਸ਼ਨਰੀ ਗਾਰਡ ਕੋਰ ਨੂੰ ਨਿਸ਼ਾਨਾ ਬਣਾ ਕੇ ਨਵੇਂ ਹਮਲੇ ਕੀਤੇ ਨੇ.

- ਭਾਰਤੀ ਫੋਰੈਂਸਿਕ ਟੀਮ ਨੇ ਨੇਪਾਲ ਹੜ੍ਹਾਂ ਦੇ ਪੀੜਤਾਂ ਦੀ ਪਛਾਣ ਕਰਨ ਵਿੱਚ ਮਦਦ ਲਈ, DNA ਨਮੂਨਿਆਂ ਦੀ ਘੋਖ ਕਰਨੀ ਸ਼ੁਰੂ ਕਰ ਦਿੱਤੀ ਏ।

- ਭਾਰਤੀ ਬੈਡਮਿੰਟਨ ਖਿਡਾਰੀ ਲਕਸ਼ਯ ਸੇਨ, ਕਿਦਾਂਬੀ ਸ੍ਰੀਕਾਂਤ ਅਤੇ ਤਨਵੀ ਸ਼ਰਮਾ ਅੱਜ ਚੀਨ ਵਿੱਚ, ਚਾਈਨਾ ਮਾਸਟਰਜ਼ ਸੁਪਰ 750 ਬੈਡਮਿੰਟਨ ਚੈਂਪੀਅਨਸ਼ਿਪ ਵਿੱਚ, ਆਪਣੀ ਮੁਹਿੰਮ ਦੀ ਸ਼ੁਰੂਆਤ ਕਰਨਗੇ।

---

**ਇਸਦੇ ਨਾਲ ਹੀ ਸਾਡਾ ਇਹ ਬੁਲੇਟਿਨ ਖਤਮ ਹੁੰਦਾ ਏ. ਸਾਡਾ ਅਗਲਾ ਪ੍ਰਾਦੇਸ਼ਿਕ ਬੁਲੇਟਿਨ ਦੁਪਹਿਰ ਬਾਅਦ 1 ਵਜ ਕੇ 10 ਮਿੰਟ 'ਤੇ ਹੋਏਗਾ. ਨਮਸਕਾਰ!**